ਸਾਰਿਆਂ ਨੂੰ ਹੈਲੋ,

ਏ- ਸਵੇਇਲ (ਸ਼ੁਭ ਦਿਨ)।

ਅਸੀਂ ਇੱਥੇ ਪਹੁੰਚ ਗਏ ਹਾਂ, ਇਹ ਮਈ ਦਾ ਮਹੀਨਾ ਹੈ ਅਤੇ ਦੋ ਹਫਤਿਆਂ ਨੂੰ ਜੂਨ ਦਾ ਮਹੀਨਾ ਸ਼ੁਰੂ ਹੋ ਜਾਵੇਗਾ। ਮੈਂ ਇਕ ਵਾਰ ਫਿਰ ਤੁਹਾਡੇ ਸਨਮੁਖ ਹੋ ਕੇ ਕੁੱਝ ਮੁੱਖ ਗੱਲਾਂ ਕਰਨੀਆਂ ਚਾਹੁੰਦਾ ਹਾਂ।

- ਵੈਕਸੀਨ ਲਾਉਣ ਬਾਰੇ, ਅਸੀਂ ਕੀ ਦੇਖਿਆ ਹੈ ਅਤੇ ਅਸੀਂ ਕਿਸ ਤਰ੍ਹਾਂ ਦੀ ਉਮੀਦ ਕਰ ਰਹੇ ਹਾਂ;
- ਵੈਕਸੀਨ ਲੱਗਣ ਤੋਂ ਬਾਅਦ ਵੀ ਅਜੇ ਚੌਕਸ ਰਹਿਣ ਦੀ ਮਹੱਤਤਾ ਬਾਰੇ, ਜਿਵੇਂ ਆਹਮੋ ਸਾਹਮਣੇ (ਫੇਸ ਟੂ ਫੇਸ) ਦੀਆਂ ਮੀਟਿੰਗਾਂ ਬਾਰੇ;
- ਸਕੂਲਾਂ ਲਈ ਟੈੱਸਟ ਕਿੱਟਾਂ ਬਾਰੇ, ਉਹ ਕੀ ਹਨ ਅਤੇ ਤੁਸੀਂ ਕੀ ਦੇਖੋਗੇ;
- 50 ਸਾਲ ਦੀ ਸਰਵਿਸ ਵਾਲੇ 2 ਜਣਿਆ ਸਮੇਤ ਲੰਮੀ ਸਰਵਿਸ ਲਈ ਸਨਮਾਨ ਪ੍ਰਾਪਤ ਕਰਨ ਵਾਲੇ 107 ਲੋਕਾਂ ਬਾਰੇ
- ਤੁਸੀਂ ਕੀ ਸੰਪਨ ਕੀਤਾ ਹੈ, ਉਸ ਬਾਰੇ
- ਜੂਨ ਵਿੱਚ ਹੋਣ ਵਾਲੀਆਂ ਚੀਜ਼ਾਂ ਬਾਰੇ

ਵੈਕਸੀਨਾਂ ਬਾਰੇ- ਅਸੀਂ ਉਨ੍ਹਾਂ ਸਟਾਫ ਮੈਂਬਰਾਂ ਦੀ ਗਿਣਤੀ ਵਿੱਚ ਕਾਫੀ ਵੱਡੀ ਕਮੀ ਦੇਖ ਰਹੇ ਹਾਂ, ਜਿਹਨਾਂ ਦੇ ਕੋਵਿਡ -19 ਦੇ ਟੈੱਸਟਾਂ ਦੀਆਂ ਰਿਪੋਰਟਾਂ ਪੌਜ਼ੀਟਿਵ ਆ ਰਹੀਆਂ ਹਨ। ਅਪ੍ਰੈਲ ਦੇ ਪਹਿਲੇ ਹਫਤੇ ਵਿੱਚ, ਸਾਡੇ ਸਕੂਲਾਂ ਵਿੱਚ ਹੋਏ ਪੌਜ਼ੀਟਿਵ ਕੇਸਾਂ ਵਿੱਚੋਂ 35% ਦੇ ਕਰੀਬ ਕੇਸ ਬਾਲਗਾਂ ਦੇ ਸਨ। ਪਹਿਲੀ ਮਈ ਅਤੇ 10 ਮਈ ਤੱਕ ਇਸ ਦੀ ਪ੍ਰਤੀਸ਼ੱਤ 7% ਹੈ। ਮਈ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਸਿਰਫ ਇਕ ਦਿਨ ਅਜਿਹਾ ਸੀ, ਜਿਸ ਦਿਨ ਸਾਡੇ ਸਕੂਲਾਂ ਵਿੱਚ ਪੌਜ਼ੀਟਵ ਰਿਪੋਰਟ ਕਰਨ ਵਾਲੇ ਬਾਲਗਾਂ ਦੀ ਗਿਣਤੀ 1 ਤੋਂ ਵੱਧ ਸੀ। ਇਸ ਦੇ ਨਾਲ ਹੀ ਪਿਛਲੇ ਹਫਤੇ ਸਾਨੂੰ ਇਹ ਸੁਣ ਕੇ ਖੁਸ਼ੀ ਹੋਈ ਸੀ ਕਿ ਹੁਣ ਸਟਾਫ ਦੇ ਸਾਰੇ ਮੈਂਬਰਾਂ ਦੇ ਵੈਕਸੀਨ ਲੱਗਣਗੇ। ਬੱਸ ਡਰਾਈਵਰਾਂ ਦੇ, ਸਾਡੇ ਤਕਨੀਕੀ ਸਟਾਫ ਦੇ ਮੈਂਬਰਾਂ ਦੇ, ਹਰ ਇਕ ਦੇ।

ਇਸ ਤੋਂ ਅੱਗੇ, 12 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਬੱਚਿਆਂ ਦੇ ਵੈਕਸੀਨ ਲਾਉਣ ਬਾਰੇ ਸੂਬੇ ਵਿੱਚ ਬਹੁਤ ਸਾਰੀਆਂ ਗੱਲਾਂ ਅਤੇ ਖਬਰਾਂ ਸੁਣਨ ਨੂੰ ਮਿਲ ਰਹੀਆਂ ਹਨ। ਲੰਮੇ ਸਮੇਂ ਵਿੱਚ ਪਹਿਲੀ ਵਾਰ ਦੁਮੇਲ `ਤੇ ਆਸ ਦੀ ਮੱਧਮ ਚਮਕ ਤੋਂ ਕੁਝ ਵੱਧ ਦਿਖਾਈ ਦੇ ਰਿਹਾ ਹੈ। ਜੂਨ 30 ਤੱਕ ਅਸੀਂ ਪੂਰੀ ਤਰ੍ਹਾਂ ਵੱਖਰੀ ਥਾਂ `ਤੇ ਹੋਵਾਂਗੇ।

ਇਸ ਦੇ ਬਾਵਜੂਦ, ਖਬਰਾਂ ਦੀ ਉਡੀਕ ਕਰਦੇ ਹੋਏ ਵੀ ਚੌਕਸ ਰਹਿਣਾ ਮਹੱਤਵਪੂਰਨ ਹੈ। ਇਸ ਦਾ ਮਤਲਬ ਹੈ, ਸਿਹਤ ਦੀਆਂ ਸੇਧਾਂ ਅਜੇ ਵੀ ਲਾਗੂ ਹਨ, ਅਸੀਂ ਅਜੇ ਵੀ ਇਕੱਠੇ ਨਹੀਂ ਹੋ ਸਕਦੇ ਅਤੇ ਅਸੀਂ ਅਜੇ ਵੀ ਮਾਸਕਾਂ ਤੋਂ ਬਿਨਾਂ ਇਕੱਠੇ ਬੈਠ ਕੇ ਲੰਚ ਨਹੀਂ ਕਰ ਸਕਦੇ। ਜੂਨ ਵਿੱਚ ਦੀ ਲੰਘਣ ਲਈ ਸਾਡੇ ਲਈ ਲੀਹ `ਤੇ ਰਹਿਣਾ ਜ਼ਰੂਰੀ ਹੈ। ਸਾਨੂੰ ਅਜੇ ਵੀ ਤੁਹਾਡੀ ਮਦਦ ਦੀ ਲੋੜ ਹੈ ਅਤੇ ਅਸੀਂ ਜਾਣਦੇ ਹਾਂ ਕਿ ਤੁਸੀਂ ਉਹ ਸਭ ਕੁਝ ਕਰ ਰਹੇ ਹੋ ਜੋ ਤੁਸੀਂ ਕਰ ਸਕਦੇ ਹੋ। ਅਸੀਂ ਸਿਰਫ ਇਹ ਚਾਹੁੰਦੇ ਹਾਂ ਕਿ ਤੁਸੀਂ ਥੋੜ੍ਹਾ ਚਿਰ ਹੋਰ ਸਾਵਧਾਨ ਰਹੋ।

ਸਕੂਲਾਂ ਵਿੱਚ ਸਵੈ-ਟੈੱਸਟ ਕਰਨ ਵਾਲੀਆਂ ਕਿੱਟਾਂ। ਸਾਡੀਆਂ ਕਿੱਟਾਂ ਲਈ ਸਾਨੂੰ ਉਦੋਂ ਇਕ ਹੋਰ ਸੰਦ ਮਿਲਿਆ ਜਦੋਂ ਗਰਾਰੇ ਕਰਕੇ ਸਵੈ-ਟੈੱਸਟ ਕਰਨ ਵਾਲੀਆਂ ਕਿੱਟਾਂ (ਸੈਲਫ-ਟੈੱਸਟ ਗਾਰਗਲ ਕਿੱਟਾਂ) ਸਕੂਲਾਂ ਨੂੰ ਭੇਜੀਆਂ ਗਈਆਂ। ਇਹ ਕਿੱਟਾਂ ਉਨ੍ਹਾਂ ਬੱਚਿਆਂ ਦੇ ਪਰਿਵਾਰਾਂ ਲਈ ਆਪਸ਼ਨਲ ਹਨ, ਜਿਹਨਾਂ ਬੱਚਿਆਂ ਵਿੱਚ ਸਕੂਲ ਵਿੱਚ ਹੁੰਦਿਆਂ ਹੋਇਆਂ ਲੱਛਣ ਦਿਖਾਈ ਦੇਣ ਲਗਦੇ ਹਨ। ਉਹ ਕਿੱਟ ਨੂੰ ਘਰ ਲਿਜਾ ਕੇ ਟੈਸਟ ਕਰ ਸਕਦੇ ਹਨ। ਇਸ ਲਈ ਜਦੋਂ ਤੁਸੀਂ ਆਪਣੇ ਸਕੂਲ ਵਿੱਚ ਇਸ ਤਰ੍ਹਾਂ ਦਾ ਬੈਗ ਦੇਖਦੇ ਹੋ, ਤਾਂ ਇਹ ਭਰਿਆ ਹੋਇਆ ਨਹੀਂ ਹੁੰਦਾ। ਇਹ ਮਾਪਿਆਂ ਲਈ ਘਰ ਨੂੰ ਲਿਜਾਣ ਲਈ ਖਾਲੀ ਕਿੱਟ ਹੈ ਜੇ ਉਹ ਆਪਣੇ ਘਰ ਦੀ ਪ੍ਰਾਈਵੇਸੀ

ਵਿੱਚ ਗਰਾਰੇ ਵਾਲਾ ਟੈੱਸਟ ਕਰਨਾ ਚਾਹੁੰਦੇ ਹੋਣ। ਇਕ ਹੋਰ ਸੰਦ, ਸਾਡੇ ਲਈ ਬੱਚਿਆਂ ਦੇ ਟੈੱਸਟ ਕਰਨ ਲਈ ਇਕ ਹੋਰ ਵਧੀਆ ਚੋਣ।

ਜਿਵੇਂ ਜਿਵੇਂ ਸਾਲ ਦਾ ਅੰਤ ਆ ਰਿਹਾ ਹੈ, ਬਹੁਤ ਸਾਰੇ ਅਜਿਹੇ ਜਸ਼ਨ ਹਨ ਜਿਹਨਾਂ ਨੂੰ ਅਸੀਂ ਆਮ ਸਮਿਆਂ ਵਿੱਚ ਆਹਮੋ ਸਾਹਮਣੇ ਇਕੱਠੇ ਹੋ ਕੇ ਮਨਾਉਂਦੇ ਸੀ, ਪਰ ਹੁਣ ਜਿਨ੍ਹਾਂ ਨੂੰ ਅਸੀਂ ਵਰਚੁਅਲੀ ਮਨਾ ਰਹੇ ਹਾਂ। ਮੈਂ ਉਹਨਾਂ ਅਸਚਰਜ ਲੋਕਾਂ ਬਾਰੇ ਗੱਲ ਕਰਨਾ ਚਾਹੁੰਦਾ ਹਾਂ ਜਿਹਨਾਂ ਨੇ 25 -25 ਸਾਲ, ਇੱਥੋਂ ਤੱਕ ਕਿ 50 ਸਾਲ ਤੱਕ ਦੀ ਸਰਵਿਸ ਕੀਤੀ ਹੈ। ਸਾਡੇ ਕੋਲ ਸਨਮਾਨ ਕਰਨ ਵਾਲੇ 107 ਲੋਕ ਹਨ ਅਤੇ ਇਸ ਬੁੱਧਵਾਰ ਨੂੰ ਸਾਡਾ ਬੋਰਡ ਆਪਣੀ ਮੀਟਿੰਗ ਵਿੱਚ ਉਨ੍ਹਾਂ ਦਾ ਜਨਤਕ ਤੌਰ `ਤੇ ਸਨਮਾਨ ਕਰੇਗਾ, ਪਰ ਮੈਂ ਸਿਰਫ ਉਨ੍ਹਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਅਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮ ਲਈ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।

ਜਸ਼ਨ ਦੀ ਭਾਵਨਾ ਵਿੱਚ ਮੈਂ ਇਕ ਸਕਿੰਟ ਲਈ ਉਨ੍ਹਾਂ ਚੀਜ਼ਾਂ ਵੱਲ ਧਿਆਨ ਦੇਣਾ ਚਾਹੁੰਦਾ ਹਾਂ, ਜੋ ਅਸੀਂ ਇਸ ਸਾਲ ਸੰਪਨ ਕੀਤੀਆਂ ਹਨ। ਅਸੀਂ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਰੱਖਿਆ ਹੈ। ਅਸੀਂ ਇਸ ਮਹਾਂਮਾਰੀ ਦੌਰਾਨ ਉਨ੍ਹਾਂ ਨੂੰ ਵਿਦਿਆ ਦਿੱਤੀ ਹੈ, ਅਤੇ ਸਕੂਲਾਂ ਵਿੱਚ ਹਰ ਰੋਜ਼ ਫਰੰਟਲਾਈਨ `ਤੇ ਕੰਮ ਕਰਦੇ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਵਾਇਰਸ ਨਾਲ ਵਾਹ ਪੈਣ ਦੀਆਂ 1500 ਚਿੱਠੀਆਂ (ਲੈਟਰ ਆਫ ਐਕਸਪੋਜ਼ਰਜ਼) ਦਾ ਸਾਹਮਣਾ ਕੀਤਾ ਹੈ। ਖਤਰਿਆਂ ਅਤੇ ਸਾਰੇ ਨਿਯਮਾਂ ਦੇ ਬਾਵਜੂਦ, ਤੁਸੀਂ ਨਿਡਰਤਾ ਅਤੇ ਬਹੁਤ ਸਾਰੀ ਲਗਨ ਅਤੇ ਪੇਸ਼ਾਵਰ ਢੰਗ ਨਾਲ ਵਿਦਿਆ ਪ੍ਰਦਾਨ ਕੀਤੀ ਹੈ। ਸਾਡੇ ਕੇਅਰਟੇਕਰਾਂ ਤੋਂ ਲੈ ਕੇ ਸਾਡੇ ਕਲਰਕਾਂ, ਕਲਾਸਰੂਮ ਟੀਚਰਾਂ, ਫਿਰਤੂ (ਇਟੀਨਿਰੈਂਟ) ਟੀਚਰਾਂ, ਪ੍ਰੈੱਪ ਟੀਚਰਾਂ, ਪ੍ਰਿੰਸੀਪਲਾਂ ਅਤੇ ਵਾਈਸ-ਪ੍ਰਿੰਸੀਪਲਾਂ ਅਤੇ ਵੱਖ ਵੱਖ ਬਿਲਡਿੰਗਾਂ ਵਿੱਚ ਜਾਣ ਵਾਲੇ ਸਪੇਅਰ ਬੋਰਡ ਅਤੇ ਟੀ ਟੀ ਓ ਸੀ ਦੇ ਸਟਾਫ ਦੇ ਮੈਂਬਰਾਂ ਤੱਕ। ਅਸਲ ਵਿੱਚ ਧੰਨਵਾਦ ਕਰਨ ਵਾਲੇ ਲੋਕਾਂ ਦੀ ਸੂਚੀ ਕਾਫੀ ਲੰਮੀ ਹੈ। ਤੁਹਾਡੇ ਤੋਂ ਬਿਨਾਂ ਇਹ ਸਭ ਕੁਝ ਨਹੀਂ ਹੋ ਸਕਦਾ ਸੀ। ਅਸੀਂ ਮੰਜ਼ਲ `ਤੇ ਪਹੁੰਚਣ ਹੀ ਵਾਲੇ ਹਾਂ।

ਇਸ ਦੇ ਨਾਲ ਹੀ, ਮੈਂ ਇਹ ਵੀ ਜਾਣਦਾ ਹਾਂ ਕਿ ਤੁਸੀਂ ਥੱਕੇ ਹੋਏ ਹੋ। ਮੈਂ ਬਹੁਤ ਚਿਰ ਪਹਿਲਾਂ ਸਤੰਬਰ ਵਿੱਚ ਕਿਹਾ ਸੀ ਕਿ ਤੁਸੀਂ ਇਹ ਸਾਰਾ ਕੁੱਝ ਨਹੀਂ ਕਰ ਸਕਦੇ। ਮਹਾਂਮਾਰੀ ਦੌਰਾਨ ਪੜ੍ਹਾਈ ਇਕ ਆਮ ਸਾਲ ਦੀ ਪੜ੍ਹਾਈ ਵਾਂਗ ਨਹੀਂ ਦਿਸਦੀ। ਟੀਚਰੋ, ਤੁਸੀਂ ਆਉਣ ਵਾਲੇ ਜੂਨ ਦੀ ਆਹਟ ਸੁਣ ਰਹੇ ਹੋ, ਅਤੇ ਉਨ੍ਹਾਂ ਚੀਜ਼ਾਂ ਵੱਲ ਧਿਆਨ ਦੇ ਰਹੇ ਹੋ ਜੋ ਤੁਹਾਡੇ ਖਿਆਲ ਵਿੱਚ ਕਵਰ ਹੋਣੀਆਂ ਚਾਹੀਦੀਆਂ ਹਨ, ਮੈਂ ਤੁਹਾਨੂੰ ਯਾਦ ਦਿਵਾਉਂਦਾ ਹਾਂ ਕਿ ਸਾਨੂੰ ਤੁਹਾਡੇ `ਤੇ ਭਰੋਸਾ ਹੈ। ਤੁਸੀਂ ਨਿਰਣੇ ਕਰਨ ਦੀ ਆਪਣੀ ਜ਼ੋਰਦਾਰ ਅਤੇ ਪੇਸ਼ਾਵਰ ਸਮਰੱਥਾ ਨੂੰ ਵਰਤ ਕੇ ਫੈਸਲਾ ਕਰੋ ਕਿ ਇਸ ਸਮੇਂ ਅੰਤ ਵੱਲ ਨੂੰ ਵੱਧਦਿਆਂ ਤੁਹਾਡੇ ਵਿਦਿਆਰਥੀਆਂ ਲਈ ਸਿੱਖਣ ਵਾਲੀ ਸਭ ਤੋਂ ਮਹੱਤਵਪੂਰਨ ਚੀਜ਼ ਕੀ ਹੋਵੇਗੀ। ਵਿਦਿਆਰਥੀਆਂ ਦੀ ਭਲਾਈ ਕਰਨ ਵਾਲੀਆਂ ਚੀਜ਼ਾਂ ਵਿੱਚ ਸ਼ਾਮਲ ਹਨ: ਹਰ ਰੋਜ਼ ਪ੍ਰਗਟਾਈ ਜਾਂਦੀ ਆਮ ਹਮਦਰਦੀ ਅਤੇ ਕੀਤੀ ਜਾਂਦੀ ਦੇਖਭਾਲ ਅਤੇ ਕੋਵਿਡ ਵਾਲੇ ਸਾਲ ਵਿੱਚ ਸੱਚਮੁੱਚ ਕੀ ਜ਼ਰੂਰੀ ਹੈ ਉਸ ਬਾਰੇ ਨਿਰਣਾ ਕਰਨ ਦੀ ਤੁਹਾਡੀ ਮੁਹਾਰਤ ਭਰੀ ਸਮਰੱਥਾ।

ਧੰਨਵਾਦ। ਆਪਣਾ ਖਿਆਲ ਰੱਖਿਓ, ਤੰਦਰੁਸਤ ਰਹਿਓ ।

ਹਾਇਚਕੇ (ਫਸਟ ਨੇਸ਼ਨਜ਼ ਗ੍ਰੀਟਿੰਗਜ਼)